ਸ਼ੰਭੂ ਬੈਰੀਅਰ 'ਤੇ ਅੱਥਰੂ ਗੈਸ ਦੇ ਗੋਲਿਆਂ ਦੇ ਖੋਲ ਵਿਖਾਉਂਦੇ ਹੋਏ ਕਿਸਾਨ, ਨਾਲ ਮੂੰਹ ਸਿਰ ਢੱਕ ਕੇ ਜਬਰ ਦਾ ਮੁਕਾਬਲਾ ਕਰਦੇ ਹੋਏ ਕਿਸਾਨ, ਝੰਡੇ ਫੜੀ ਖੜ੍ਹੇ ਕਿਸਾਨ। ਤਸਵੀਰਾਂ : ਰਣਜੀਤ ਸਿੰਘ

ਸ਼ੰਭੂ ਬੈਰੀਅਰ 'ਤੇ ਕਿਸਾਨਾਂ ਨੇ ਹਰਿਆਣਾ ਪੁਲਿਸ ਦੇ ਜਬਰ ਦਾ ਸਬਰ ਨਾਲ ਕੀਤਾ ਮੁਕਾਬਲਾ

ਰਾਜਪੁਰਾ, 8 ਦਸੰਬਰ (ਰਣਜੀਤ ਸਿੰਘ)-ਅੱਜ ਸ਼ੰਭੂ ਬੈਰੀਅਰ 'ਤੇ ਕਿਸਾਨਾਂ ਨੇ ਹਰਿਆਣਾ ਪੁਲਿਸ ਦੇ ਜਬਰ ਦਾ ਸਬਰ ਨਾਲ ਮੁਕਾਬਲਾ ਕੀਤਾ। ਕਿਸਾਨ ਅੱਥਰੂ ਗੈਸ ਅਤੇ ਪਾਣੀ ਦੀਆਂ ਬੁਛਾੜਾਂ ਤੋ ਬਚਣ ਲਈ ਮੂੰਹ ਸਿਰ ਲਪੇਟ ਕੇ ਹਰਿਆਣਾ ਪੁਲਿਸ ਵਲੋਂ ਦਾਗੇ ਜਾ ਰਹੇ ਅੱਥਰੂ ਗੈਸ ਦੇ ਗੋਲਿਆਂ ਅਤੇ ਪਾਣੀ ਦੀਆਂ ਬੁਛਾੜਾਂ ਦਾ ਮੁਕਾਬਲਾ ਕਰਦੇ ਵੇਖੇ ਗਏ, ਕਿਸਾਨ ਅੱਥਰੂ ਗੈਸ ਦੇ ਗੋਲਿਆਂ ਦੇ ਖਾਲੀ ਖੋਲ ਚੁੱਕੀ ਫਿਰਦੇ ਰਹੇ। ਦੁਪਹਿਰ ਵਕਤ ਥੋੜੀ ਜਿਹੀ ਕਿਣ ਮਿਣ ਹੋਣ ਕਾਰਨ ਸਤਰੰਗੀ ਪੀਂਘ ਬਣ ਗਈ ਜਿਹੜੀ ਖਿੱਚ ਦਾ ਕੇਂਦਰ ਬਣੀ ਰਹੀ। ਜਾਣਕਾਰੀ ਮੁਤਾਬਿਕ ਅੱਜ ਜਿਉ ਹੀ ਮਰਜੀਵੜੇ ਕਿਸਾਨਾਂ ਦਾ ਜਥਾ ਸ਼ੰਭੂ ਬੈਰੀਅਰ ਰਾਹੀ ਦਿੱਲੀ ਕੂਚ ਲਈ ਅੱਗੇ ਵਧਿਆ ਤਾਂ ਹਰਿਆਣਾ ਪੁਲਿਸ ਨੇ ਕਿਸਾਨਾਂ ਦੇ ਅੱਥਰੂ ਗੈਸ ਦੇ ਗੋਲੇ ਪਾਣੀ ਦੀਆਂ ਬੁਛਾੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇਕ ਪਾਸੇ ਜਿੱਥੇ ਹਰਿਆਣਾ ਪੁਲਿਸ ਅਰਧ ਸੈਨਿਕ ਬਲ ਪੂਰੀ ਤਰ੍ਹਾਂ ਨਾਲ ਲੈਸ ਸਨ ਉੱਥੇ ਹੀ ਕਿਸਾਨ ਖਾਲੀ ਹੱਥ ਸਨ। ਉਨ੍ਹਾਂ ਕੋਲ ਜਾਂ ਤਾਂ ਕਿਸਾਨੀ ਝੰਡੇ ਫੜੇ ਹੋਏ ਸਨ ਅਤੇ ਜਾਂ ਉਨ੍ਹਾਂ ਕੋਲ ਪੁਲਿਸ ਦੇ ਜਬਰ ਦੇ ਮੁਕਾਬਲੇ ਸਿਰਫ਼ ਸਬਰ ਸੀ ਜਦਕਿ ਹਰਿਆਣਾ ਪੁਲਿਸ ਕੋਲ ਵੱਡੀ ਗਿਣਤੀ ਵਿਚ ਨਫਰੀ ਸੀ ਗੋਲੀ ਸਿੱਕਾ ਪਾਣੀ ਦੀਆਂ ਬੁਛਾੜਾਂ ਅਤੇ ਹੋਰ ਕਾਫੀ ਜਿਆਦਾ ਸਾਧਨ ਸਨ। ਕਿਸਾਨ ਸਿਰਫ਼ ਮੂੰਹ ਸਿਰ ਢੱਕ ਕੇ ਦਿੱਲੀ ਕੂਚ ਕਰਨ ਲਈ ਹਰਿਆਣਾ ਬੈਰੀਅਰ ਵੱਲ ਵੱਧ ਰਹੇ ਸਨ ਅਤੇ ਜਿਹੜਾ ਕੋਈ ਜਖਮੀ ਹੋ ਜਾਂਦਾ ਸੀ ਤਾਂ ਉਹ ਡਿੱਗ ਜਾਂਦਾ ਸੀ ਅਤੇ ਰੈਸਕਿਉ ਟੀਮ ਵਲੋਂ ਉਸ ਦੀ ਸਾਂਭ ਸੰਭਾਲ ਕੀਤੀ ਜਾਂਦੀ ਸੀ। ਕਿਸਾਨ ਆਗੂ ਹੱਥਾਂ ਵਿਚ ਹਰਿਆਣਾ ਪੁਲਿਸ ਵਲੋਂ ਚਲਾਏ ਗਏ ਅੱਥਰੂ ਗੈਸ ਦੇ ਗੋਲਿਆਂ ਦੇ ਖੋਲ ਚੁੱਕੀ ਮੀਡੀਆਂ ਨੂੰ ਵਿਖਾਉਂਦੇ ਰਹੇ। ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਕੋਲ ਤਾਂ ਸਿਰਫ਼ ਤੇ ਸਿਰਫ਼ ਪਰਨਾ ਹੀ ਹੈ ਜਿਸ ਨਾਲ ਉਹ ਮੂੰਹ ਹੀ ਢੱਕ ਸਕਦੇ ਹਨ। ਦੁਪਹਿਰ ਵਕਤ ਥੋੜੀ ਜਿਹੀ ਕਿਣ ਮਿਣ ਸ਼ੁਰੂ ਹੋ ਗਈ ਸੀ ਅਤੇ ਮੌਸਮ ਬਦਲ ਜਿਹਾ ਗਿਆ ਸੀ ਤਾਂ ਆਸਮਾਨ ਵਿਚ ਸਤਰੰਗੀ ਪੀਂਘ ਬਣ ਗਈ ਸੀ ਜਿਹੜੀ ਕਿ ਖਿੱਚ ਦਾ ਕੇਦਰ ਬਣੀ ਰਹੀ।

ਸਿਵਲ ਹਸਪਤਾਲ ਰਾਜਪੁਰਾ ਵਿਖੇ ਜ਼ੇਰੇ ਇਲਾਜ ਜ਼ਖ਼ਮੀ ਕਿਸਾਨ। ਤਸਵੀਰਾਂ : ਰਣਜੀਤ ਸਿੰਘ

ਸ਼ੰਭੂ ਬੈਰੀਅਰ 'ਤੇ ਜ਼ਖਮੀ ਹੋਏ ਕਿਸਾਨ ਹਸਪਤਾਲ ਕੀਤੇ ਦਾਖਲ

ਰਾਜਪੁਰਾ, 8 ਦਸੰਬਰ (ਰਣਜੀਤ ਸਿੰਘ)-ਸ਼ੰਭੂ ਬੈਰੀਅਰ 'ਤੇ ਦਿੱਲੀ ਕੂਚ ਕਰਨ ਜਾਣ ਸਮੇਂ ਅੱਧੀ ਦਰਜਨ ਦੇ ਕਰੀਬ ਕਿਸਾਨ ਜ਼ਖਮੀ ਹੋਏ ਹਨ ਜਿਨ੍ਹਾਂ ਨੂੰ ਸਿਵਲ ਹਸਪਤਾਲ ਦਾਖਲ ਕੀਤਾ ਗਿਆ ਹੈ। ਇਕ ਕਿਸਾਨ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਪੀ.ਜੀ.ਆਈ. ਭੇਜਿਆ ਗਿਆ ਹੈ। ਜਾਣਕਾਰੀ ਮੁਤਾਬਿਕ ਅੱਜ ਸ਼ੰਭੂ ਬੈਰੀਅਰ 'ਤੇ ਮਰਜੀਵੜੇ ਕਿਸਾਨਾਂ ਦਾ ਦੂਜਾ ਜਥਾ ਦਿੱਲੀ ਕੂਚ ਕਰਨ ਲਈ ਜਾਣਾ ਸੀ ਪਰ ਉਨ੍ਹਾਂ ਨੂੰ ਹਰਿਆਣਾ ਪੁਲਿਸ ਨੇ ਦਿੱਲੀ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਜਿਸ ਕਾਰਨ ਸ਼ੰਭੂ ਬੈਰੀਅਰ 'ਤੇ ਕਿਸਾਨ ਹਰਿਆਣਾ ਪੁਲਿਸ ਵਲੋਂ ਛੱਡੀ ਗਈ ਅੱਥਰੂ ਗੈਸ ਦੇ ਗੋਲੇ ਲੱਗਣ ਕਾਰਨ ਜ਼ਖਮੀ ਹੋ ਗਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਆਗੂ ਸਤਵੰਤ ਸਿੰਘ ਨੇ ਦੱਸਿਆ ਕਿ ਸ਼ੰਭੂ ਬੈਰੀਅਰ 'ਤੇ ਅੱਧੀ ਦਰਜਨ ਦੇ ਕਰੀਬ ਵੱਖ-ਵੱਖ ਜਥੇਬੰਦੀਆਂ ਦੇ ਆਗੂ ਜ਼ਖਮੀ ਹੋ ਗਏ ਹਨ। ਇਨ੍ਹਾਂ ਨੂੰ ਸਿਵਲ ਹਸਪਤਾਲ ਭਰਤੀ ਕੀਤਾ ਗਿਆ ਹੈ। ਉਨ੍ਹਾਂ ਨੇ ਹਰਿਆਣਾ ਪੁਲਿਸ ਦੀ ਤਿੱਖੇ ਸ਼ਬਦਾਂ ਵਿਚ ਅਲੋਚਨਾ ਕੀਤੀ ਅਤੇ ਕਿਹਾ ਕਿ ਦੇਸ਼ ਦੇ ਵਿਚ ਦੋ ਤਰ੍ਹਾਂ ਦੇ ਕਾਨੂੰਨ ਹਨ। ਨਿਹੱਥੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣਾ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਇਹ ਹਰਿਆਣਾ ਸਰਕਾਰ ਦਾ ਸ਼ਰੇਆਮ ਧੱਕਾ ਹੈ। ਉਨ੍ਹਾਂ ਕਿਹਾ ਕਿ ਜ਼ਖਮੀ ਕਿਸਾਨਾਂ ਦਾ ਹਸਪਤਾਲ ਵਿਚ ਇਲਾਜ ਚਲ ਰਿਹਾ ਹੈ। ਇਸ ਸੰਬੰਧੀ ਡਾ. ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਹਸਪਤਾਲ ਵਿਚ ਪੰਜ ਕਿਸਾਨ ਜ਼ਖਮੀ ਹਾਲਤ ਵਿਚ ਆਏ ਹਨ। ਇਕ ਕਿਸਾਨ ਦੇ ਸਿਰ ਵਿਚ ਸੱਟ ਲੱਗੀ ਹੈ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।

ਰਾਜਪੁਰਾ ਦੇ ਇਕ ਨਿੱਜੀ ਹੋਟਲ ਵਿਖੇ ਹਰਿਆਣਾ ਦੇ ਡੀ.ਸੀ., ਐੱਸ.ਪੀ. ਸਮੇਤ ਹੋਰ ਅਧਿਕਾਰੀ ਡੀ.ਆਈ.ਜੀ. ਅਤੇ ਜ਼ਿਲ੍ਹਾ ਪੁਲਿਸ ਮੁਖੀ ਦੀ ਹਾਜ਼ਰੀ 'ਚ ਕਿਸਾਨਾਂ ਨਾਲ ਮੀਟਿੰਗ ਕਰਦੇ ਹੋਏ। ਤਸਵੀਰ : ਗੁਰਵਿੰਦਰ ਪਾਲ ਸਿੰਘ

ਡੀ. ਆਈ. ਜੀ. ਅਤੇ ਐੱਸ. ਐੱਸ. ਪੀ. ਪਟਿਆਲਾ ਦੀ ਮੌਜੂਦਗੀ 'ਚ ਡੀ. ਸੀ., ਐੱਸ. ਪੀ. ਦੀ ਕਿਸਾਨਾਂ ਨਾਲ ਹੋਈ ਮੀਟਿੰਗ

ਰਾਜਪੁਰਾ, 8 ਦਸੰਬਰ (ਜੀ.ਪੀ. ਸਿੰਘ)-ਅੱਜ ਦੇਰ ਸ਼ਾਮ ਕਰੀਬ 7 ਵਜੇ ਡੀ.ਆਈ.ਜੀ. ਪਟਿਆਲਾ ਮਨਦੀਪ ਸਿੰਘ ਸਿੱਧੂ, ਐੱਸ.ਐੱਸ.ਪੀ. ਨਾਨਕ ਦੀ ਮੌਜੂਦਗੀ 'ਚ ਡੀ.ਸੀ. ਅਤੇ ਐੱਸ.ਪੀ. ਅੰਬਾਲਾ ਸਥਾਨਕ ਇਕ ਨਿੱਜੀ ਹੋਟਲ 'ਚ ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਬਲਵੰਤ ਸਿੰਘ ਬਹਿਰਾਮਕੇ ਸਮੇਤ ਹੋਰ ਆਗੂਆਂ ਵਿਚਾਲੇ ਇਕ ਮੀਟਿੰਗ ਹੋਈ। ਸੂਤਰਾਂ ਅਨੁਸਾਰ ਇਸ ਮੀਟਿੰਗ 'ਚ ਡੀ.ਸੀ. ਅਤੇ ਐੱਸ.ਪੀ. ਅੰਬਾਲਾ ਨੇ ਕਿਸਾਨਾਂ ਨੂੰ ਕਿਹਾ ਹੈ ਕਿ ਫਿਲਹਾਲ ਉਹ ਆਪਣਾ ਅੰਦੋਲਨ ਮੁਲਤਵੀ ਕਰ ਦਿਓ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਵੀ ਦਿੱਤਾ ਹੈ ਕਿ ਕੁੱਝ ਗੱਲਬਾਤ ਕਰਨ ਲਈ ਤੁਸੀ ਅੱਗੇ ਵਧੋ ਅਤੇ ਕੁਝ ਉਹ ਵਧਦੇ ਹਨ। ਜਿਸ 'ਤੇ ਕਿਸਾਨਾਂ ਨੇ ਹਰਿਆਣਾ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਰਕਾਰ ਵਲੋਂ ਕੋਈ ਲਿਖਤੀ ਭਰੋਸਾ ਦਿਓ। ਜਿਸ ਨੂੰ ਉਹ ਦੋਵੇਂ ਫੋਰਮਾਂ ਦੀ ਬੈਠਕ ਵਿਚ ਵਿਚਾਰਨਗੇ। ਉਨ੍ਹਾਂ ਹਰਿਆਣਾ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਉਨ੍ਹਾਂ ਦੇ ਜੋ ਕਿਸਾਨ ਸੰਘਰਸ਼ ਦੌਰਾਨ ਜ਼ਖ਼ਮੀ ਹੋਏ ਹਨ। ਉਨ੍ਹਾਂ ਦਾ ਹਾਲਚਾਲ ਜਾਣਨ ਲਈ 9 ਦਸੰਬਰ ਨੂੰ ਕੋਈ ਜਥਾ ਭੇਜਣ ਦਾ ਕੋਈ ਪ੍ਰੋਗਰਾਮ ਨਹੀਂ ਹੈ ਤੇ ਅਗਲਾ ਪ੍ਰੋਗਰਾਮ 9 ਦਸੰਬਰ ਨੂੰ ਸ਼ਾਮ ਨੂੰ 5 ਵਜੇ ਪ੍ਰੈੱਸ ਕਾਨਫ਼ਰੰਸ 'ਚ ਦੱਸਣਗੇ।

ਵਿਜੈ ਕੁਮਾਰ ਕੂਕਾ ਭਾਜਪਾ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਬਣਨ ਤੋਂ ਬਾਅਦ ਸ੍ਰੀਮਤੀ ਪ੍ਰਨੀਤ ਕੌਰ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ। ਅਜੀਤ ਤਸਵੀਰ

ਵਿਜੈ ਕੁਮਾਰ ਕੂਕਾ ਬਣੇ ਪਟਿਆਲਾ ਭਾਜਪਾ ਦੇ ਪ੍ਰਧਾਨ

ਪਟਿਆਲਾ, 8 ਦਸੰਬਰ (ਅ.ਸ. ਆਹਲੂਵਾਲੀਆ)-ਭਾਰਤੀ ਜਨਤਾ ਪਾਰਟੀ ਵਲੋਂ ਅੱਜ ਪਟਿਆਲਾ ਸ਼ਹਿਰੀ ਲਈ ਵਿਜੈ ਕੁਮਾਰ ਕੂਕਾ ਨੂੰ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕਰ ਦਿੱਤਾ ਗਿਆ। ਸੂਬਾਈ ਪ੍ਰਧਾਨ ਸੁਨੀਲ ਜਾਖੜ ਦੇ ਦਸਖ਼ਤਾਂ ਹੇਠ ਆਏ ਨਿਯੁਕਤੀ ਪੱਤਰ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਸ੍ਰੀ ਕੂਕਾ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਇਹ ਫ਼ੈਸਲਾ ਲਿਆ ਗਿਆ ਹੈ। ਪਾਰਟੀ ਵਰਕਰਾਂ ਵਿਚ ਖ਼ੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ। ਐਲਾਨ ਹੋਣ ਤੋਂ ਬਾਅਦ ਕੂਕਾ ਆਪਣੇ ਸਮਰਥਕਾਂ ਨਾਲ ਭਾਜਪਾਈ ਆਗੂ ਸ੍ਰੀਮਤੀ ਪ੍ਰਨੀਤ ਕੌਰ ਅਤੇ ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈਇੰਦਰ ਕੌਰ ਨੂੰ ਉਨ੍ਹਾਂ ਦੀ ਰਿਹਾਇਸ਼ ਵਿਖੇ ਮਿਲਣ ਪਹੁੰਚੇ। ਜਿੱਥੇ ਸ੍ਰੀ ਕੂਕਾ ਵਲੋਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਖ਼ੁਸ਼ੀ ਮਨਾਈ ਗਈ। ਇਸ ਮੌਕੇ ਕਈ ਸਾਬਕਾ ਕੌਂਸਲਰਾਂ ਨੇ ਵੀ ਨਿਯੁਕਤੀ ਦਾ ਸਵਾਗਤ ਕੀਤਾ। ਪ੍ਰਨੀਤ ਕੌਰ ਨੇ ਦਸਿਆ ਕਿ ਕੂਕਾ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਦੀ ਪਾਰਟੀ ਪ੍ਰਤੀ ਵਫ਼ਾਦਾਰੀ ਤੇ ਮਿਹਨਤ ਨੂੰ ਦੇਖਦਿਆਂ ਹਾਈਕਮਾਂਡ ਵਲੋਂ ਇਹ ਦਰੁਸਤ ਫ਼ੈਸਲਾ ਲਿਆ ਗਿਆ ਹੈ। ਇਸ ਸੰਬੰਧੀ ਗਲ ਕਰਦਿਆਂ ਨਵ-ਨਿਯੁਕਤ ਪ੍ਰਧਾਨ ਵਿਜੈ ਕੁਮਾਰ ਕੂਕਾ ਨੇ ਕਿਹਾ ਕਿ ਜਿਸ ਤਰ੍ਹਾਂ ਪਾਰਟੀ ਵਲੋਂ ਉਨ੍ਹਾਂ ਵਿਚ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ ਉਹ ਉਸ 'ਤੇ ਖਰਾ ਉੱਤਰਨ ਲਈ ਜੱਦੋ-ਜਹਿਦ ਕਰਨਗੇ। ਆਉਂਦੀਆਂ ਨਗਰ ਨਿਗਮ ਚੋਣਾਂ ਵਿਚ ਵੀ ਉਨ੍ਹਾਂ ਪਾਰਟੀ ਦੀ ਵਧੀਆ ਕਾਰਗੁਜ਼ਾਰੀ ਦੀ ਆਸ ਪ੍ਰਗਟਾਈ ਤੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦਾ ਜਾਦੂ ਹਾਲੇ ਵੀ ਲੋਕਾਂ ਵਿਚ ਹੈ ਜਿਸ ਦਾ ਫ਼ਾਇਦਾ ਇਨ੍ਹਾਂ ਚੋਣਾਂ ਦੌਰਾਨ ਪਾਰਟੀ ਉਮੀਦਵਾਰਾਂ ਨੂੰ ਮਿਲਣਾ ਤੈਅ ਹੈ।

ਨਿਗਮ ਚੋਣਾਂ ਦੇ ਐਲਾਨ ਤੋਂ ਬਾਅਦ ਪਾਰਟੀਆਂ ਦੇ ਆਗੂ ਤੇ ਟਿਕਟਾਂ ਦੇ ਚਾਹਵਾਨ ਰਹੇ ਸਰਗਰਮ

ਪਟਿਆਲਾ, 8 ਦਸੰਬਰ (ਅਮਰਬੀਰ ਸਿੰਘ ਆਹਲੂਵਾਲੀਆ)-ਪੰਜਾਬ ਚੋਣ ਕਮਿਸ਼ਨ ਵਲੋਂ ਨਗਰ ਨਿਗਮਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੇ ਤਾਰੀਖ਼ਾਂ ਦਾ ਐਲਾਨ ਕਰ ਦਿੱਤਾ ਹੈ। ਜਿਸ ਨੂੰ ਦੇਖਦਿਆਂ ਅੱਜ ਸਾਰਾ ਦਿਨ ਪਟਿਆਲਾ ਵਿਚ ਹੁਕਮਰਾਨ ਧਿਰ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸੀ ਆਗੂਆਂ ਦੀਆਂ ਬੈਠਕਾਂ ਚੱਲਦੀਆਂ ਰਹੀਆਂ। ਇਸ ਵਿਚ ਜਿੱਥੇ ਹੁਕਮਰਾਨ ਧਿਰ ਦੀ ਟਿਕਟ 'ਤੇ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਗਿਣਤੀ ਕਾਫ਼ੀ ਦਿਖੀ ਉਥੇ ਕੁਝ ਇਕ ਨੂੰ ਨਗਰ ਨਿਗਮ ਵਿਚ ਪੈਂਦੇ 60 ਵਾਰਡਾਂ ਅੰਦਰ ਉਮੀਦਵਾਰਾਂ ਦਾ ਐਲਾਨ ਕਰਨ ਲਈ ਭਾਲ ਵੀ ਕਰਨੀ ਪਈ। ਸਵੇਰ ਤੋਂ ਲਗ ਰਹੀਆਂ ਅਟਕਲਾਂ ਦੇ ਬਾਵਜੂਦ ਅੱਜ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਲਿਸਟ ਜਾਰੀ ਨਹੀਂ ਹੋਈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ ਅਤੇ 2 ਵਾਰਡ ਸਨੌਰ ਹਲਕੇ ਨਾਲ ਵੀ ਸੰਬੰਧਿਤ ਹਨ। ਕਿਹੜੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾਵੇ ਲਈ ਚੋਣ ਕਮੇਟੀਆਂ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪੈ ਰਹੀ ਹੈ ਜਿਸ ਤੋਂ ਬਾਅਦ ਦਸਿਆ ਗਿਆ ਕਿ ਆਪ ਉਮੀਦਵਾਰਾਂ ਦਾ ਐਲਾਨ ਪਰਸੋਂ ਤੱਕ ਕਰ ਦਿੱਤਾ ਜਾਵੇਗਾ। ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨਾਲ ਇਸ ਸੰਬੰਧੀ ਗਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ 30 ਵਾਰਡਾਂ ਵਿਚ ਲੰਘੇ 3 ਸਾਲਾ ਦੌਰਾਨ ਵਿਉਂਤਬੰਦ ਤਰੀਕੇ ਨਾਲ ਵਿਕਾਸ ਕਾਰਜ ਕੀਤੇ ਗਏ ਜੋ ਹੁਣ ਵੀ ਜਾਰੀ ਹਨ। ਕੋਹਲੀ ਮੁਤਾਬਿਕ ਸੜਕਾਂ ਆਦਿ ਬਣਾਉਣ ਵਿਚ ਜੇ ਕੁਝ ਦੇਰ ਹੋਈ ਹੈ ਤਾਂ ਲੋਕਾਂ ਵਲੋਂ ਵੱਖ-ਵੱਖ ਤਰੀਕੇ ਨਾਲ ਅਦਾ ਕੀਤੇ ਟੈਕਸ ਦੇ ਪੈਸੇ ਨਾਲ ਬਣਨ ਵਾਲੀਆਂ ਸੜਕਾਂ ਜਲਦੀ ਤੋੜੀਆਂ ਨਹੀਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅੱਜ ਵੋਟਰ ਵੀ ਇਸ ਗੱਲ ਨੂੰ ਸਮਝਦਾ ਹੈ ਕਿ ਸਰਕਾਰ ਦਾ ਨੁਮਾਇੰਦਾ ਹੀ ਇਲਾਕੇ ਦਾ ਵਿਕਾਸ ਸੁਚੱਜੇ ਅਤੇ ਅਸਰਦਾਰ ਤਰੀਕੇ ਨਾਲ ਕਰ ਸਕਦਾ ਹੈ ਜਿਸ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ਼ਹਿਰੀ ਦੇ ਇੰਚਾਰਜ ਅਮਰਿੰਦਰ ਸਿੰਘ ਬਜਾਜ ਤੇ ਪਟਿਆਲਾ ਦਿਹਾਤੀ ਦੇ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਜਿਹੜੇ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਜਾਣੇ ਹਨ ਉਨ੍ਹਾਂ ਦੇ ਨਾਵਾਂ ਦੀ ਇਕ ਸੂਚੀ ਪਾਰਟੀ ਹਾਈਕਮਾਂਡ ਨੂੰ ਭੇਜ ਦਿੱਤੀ ਹੈ। ਆਗੂਆਂ ਮੁਤਾਬਿਕ ਹਰ ਵਾਰਡ ਵਿਚੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਦੇ 3 ਤੋਂ 4 ਚਾਹਵਾਨਾਂ ਦੇ ਨਾਮ ਪਾਰਟੀ ਹਾਈਕਮਾਂਡ ਨੂੰ ਭੇਜੇ ਗਏ ਹਨ। ਅਗਲੇ ਦੋ ਦਿਨਾਂ ਵਿਚ 60 ਵਾਰਡਾਂ ਵਿਚਲੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਜਾਵੇਗੀ।

हरियाणा सरकार
ਅੰਤਰਰਾਸ਼ਟਰੀ
ਭ੍ਰਿਸ਼ਟਾਚਾਰ ਵਿਰੋਧੀ ਦਿਵਸ
9 ਦਸੰਬਰ, 2024
ਭ੍ਰਿਸ਼ਟਾਚਾਰ ਦੇ ਜੁਰਮਾਂ ਵਿਚ ਵੱਖ-ਵੱਖ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ 1332 ਅਪਰਾਧਕ ਮਾਮਲੇ ਦਰਜ ਅਤੇ 288 ਮਾਮਲਿਆਂ ਵਿਚ ਅਦਾਲਤ ਵੱਲੋਂ 335 ਅਧਿਕਾਰੀਆਂ/ਕਰਮਚਾਰੀਆਂ ਨੂੰ ਸਖ਼ਤ ਕੈਦ ਦੀ ਸਜ਼ਾ
1.71 ਲੱਖ ਨੌਜਵਾਨਾਂ ਨੂੰ ਬਿਨਾਂ ਕਿਸੇ ਖਰਚੀ - ਪਰਚੀ ਦੇ ਦਿੱਤੀਆਂ ਸਰਕਾਰੀ ਨੌਕਰੀਆਂ
ਰਾਜ ਵਿਚ 22,500 ਅਟਲ ਸੇਵਾ ਕੇਂਦਰਾਂ ਰਾਹੀਂ ਯੋਗ ਵਿਅਕਤੀਆਂ ਨੂੰ ਸਿੱਧੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਸਰਕਾਰੀ ਸੇਵਾਵਾਂ
ਭ੍ਰਿਸ਼ਟਾਚਾਰ ਨੂੰ ਘੱਟ ਕਰਨ ਲਈ ਸਰਲ ਪੋਰਟਲ ਰਾਹੀਂ 54 ਵਿਭਾਗਾਂ/ਬੋਰਡ ਅਤੇ ਕਾਰਪੋਰੇਸ਼ਨਾਂ ਦੀਆਂ 681 ਸੇਵਾਵਾਂ ਅਤੇ ਯੋਜਨਾਵਾਂ ਆਨਲਾਈਨ ਉਪਲੱਬਧ
ਸਰਕਾਰ ਕੋਲ ਪਹਿਲਾਂ ਤੋਂ ਹੀ ਪ੍ਰੋ-ਐਕਟਿਵ ਡਾਟਾ ਹੋਣ ਨਾਲ, ਹੁਣ ਸਾਰੀਆਂ ਕਿਸਮਾਂ ਦੀਆਂ ਸਮਾਜਿਕ ਸੁਰੱਖਿਆ ਪੈਨਸ਼ਨਾਂ ਸਿੱਧਾ ਲਾਭਪਾਤਰੀ ਦੇ ਖਾਤੇ ਵਿਚ
DBT Bharat
ਭ੍ਰਿਸ਼ਟਾਚਾਰ ਸਬੰਧੀ ਸ਼ਿਕਾਇਤ